**ਦਫ਼ਤਰ ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ ਕਮ ਸਟੇਟ**
**ਪ੍ਰੋਜੈਕਟ ਡਾਇਰੈਕਟਰ ਸਰਵ ਸਿੱਖਿਆ ਅਭਿਆਨ ਅਥਾਰਟੀ, ਪੰਜਾਬ**
ਐਸ.ਸੀ.ਓ. ਨੰ: 104-106, ਦੂਸਰੀ ਅਤੇ ਤੀਸਰੀ ਮੰਜ਼ਿਲ, ਸੈਕਟਰ - 34 ਏ, ਚੰਡੀਗੜ੍ਹ

ਵੱਲ :

(1) ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ (ਐ.ਸਿ), ਪੰਜਾਬ।

(2) ਮੰਡਲ ਸਿੱਖਿਆ ਅਫ਼ਸਰ, ਪੰਜਾਬ।

(3) ਸਮੂਹ ਜ਼ਿਲ੍ਹਾ ਜੈਂਡਰ ਕੋਆਰਡੀਨੇਟਰ (ਵੈੱਬਸਾਈਟ ਰਾਹੀਂ), ਪੰਜਾਬ।

(4) ਸਮੂਹ BPEOs (ਵੈੱਬਸਾਈਟ ਰਾਹੀਂ), ਪੰਜਾਬ।

(5) ਸਮੂਹ ਸਕੂਲ ਮੁਖੀ, (ਵੈੱਬਸਾਈਟ ਰਾਹੀਂ), ਪੰਜਾਬ।

ਮੀਮੋ ਨੰ: SSA/GE/Test/16978-17022
ਮਿੱਤੀ ਚੰਡੀਗੜ੍ਹ: 23.02.2011

**ਵਿਸ਼ਾ:-5ਵੀਂ ਕਲਾਸ ਦੀਆਂ ਸਾਰੀਆਂ ਲੜਕੀਆਂ ਅਤੇ ਐਸ.ਸੀ./ਐਸ.ਟੀ. ਲੜਕਿਆਂ ਦਾ ਸਰਵ ਸਿੱਖਿਆ ਅਭਿਆਨ, ਪੰਜਾਬ ਅਧੀਨ ਸਾਲ 2010-11 ਵਿਚ ਵਿਸ਼ੇਸ਼ ਕੰਪੀਟੀਟਿਵ ਟੈਸਟ ਲੈਣ ਸਬੰਧੀ ਦਿਸ਼ਾ ਨਿਰਦੇਸ਼।**

1) ਸਰਵ ਸਿੱਖਿਆ ਅਭਿਆਨ ਅਥਾਰਟੀ ਪੰਜਾਬ, ਪੰਜਾਬ ਦੇ ਸਰਕਾਰੀ ਸਕੂਲਾਂ ਵਿਚ 5ਵੀਂ ਜਮਾਤ ਵਿਚ ਪੜ੍ਹ ਰਹੀਆਂ ਸਮੂਹ ਲੜਕੀਆਂ ਅਤੇ ਐਸ.ਸੀ./ਐਸ.ਟੀ. ਲੜਕਿਆਂ ਲਈ ਮਿਤੀ 05.03.2011 ਨੂੰ ਇੱਕ ਸਪੈਸ਼ਲ ਮੁਕਾਬਲਾ ਇਮਤਿਹਾਨ ਦਾ ਪ੍ਰਬੰਧ ਕਰੇਗੀ।

2) ਇੱਕ ਪੇਪਰ ਜਿਸਦੇ 100 ਅੰਕ ਹੋਣਗੇ ਜੋ ਕਿ ਹਿਸਾਬ, ਸਾਇੰਸ ਅਤੇ ਵਾਤਾਵਰਨ ਸਿੱਖਿਆ ਵਿਸ਼ਿਆਂ ਨੂੰ ਕਵਰ ਕਰੇਗਾ। ਇਨ੍ਹਾਂ ਸਾਰੇ ਵਿਸ਼ਿਆਂ 'ਚੋਂ 100 ਆਬਜ਼ੈਕਟਿਵ ਟਾਈਪ ਪ੍ਰਸ਼ਨ ਲਏ ਜਾਣਗੇ ਜੋ ਕਿ ਹਰੇਕ 1 ਅੰਕ ਦਾ ਹੋਵੇਗਾ। ਪੇਪਰ ਇਨ੍ਹਾਂ ਵਿਸ਼ਿਆਂ ਲਈ ਪੰਜਾਬ ਸਕੂਲ ਸਿੱਖਿਆ ਬੋਰਡ ਦੇ ਨਿਰਧਾਰਤ ਦਸੰਬਰ, 2010 ਤੱਕ ਦੇ ਸਿਲੇਬਸ ਅਨੁਸਾਰ ਹੋਏਗਾ।

3) ਪੇਪਰ ਲਈ ਸਮਾਂ ਸਵੇਰੇ 11:00 ਵਜੇ ਤੋਂ ਬਾਅਦ ਦੁਪਹਿਰ 1:00 ਵਜੇ ਤੱਕ ਹੋਵੇਗਾ।

4) ਹਰੇਕ ਬਲਾਕ ਵਿਚ ਪਹਿਲੀਆਂ ਤਿੰਨ ਪੁਜ਼ੀਸ਼ਨਾਂ ਪ੍ਰਾਪਤ ਕਰਨ ਵਾਲੀਆਂ ਲੜਕੀਆਂ ਅਤੇ ਐਸ.ਸੀ./ਐਸ.ਟੀ. ਬੱਚਿਆਂ ਨੂੰ ਕ੍ਰਮਵਾਰ ਰੁ: 2000/-, 1500/- ਅਤੇ 1000/- ਨਕਦ ਇਨਾਮ ਦਿੱਤੇ ਜਾਣਗੇ। ਸਮੂਹ ਲੜਕੀਆਂ ਅਤੇ ਐਸ.ਸੀ./ਐਸ.ਟੀ. ਬੱਚਿਆਂ ਨੂੰ ਅਲੱਗ-ਅਲੱਗ ਇਨਾਮ ਦਿੱਤੇ ਜਾਣਗੇ।

5) ਹਰ ਪ੍ਰਸ਼ਨ ਦਾ ਉਤਰ ਪ੍ਰਸ਼ਨ ਪੱਤਰ ਉੱਪਰ ਹੀ ਦਿੱਤਾ ਜਾਵੇਗਾ।

6) ਇਹ ਪੇਪਰ ਸਕੂਲ ਪੱਧਰ ਤੇ ਹੋਵੇਗਾ ਅਤੇ ਇਸ ਦੀ Marking ਵੀ ਸਕੂਲ ਪੱਧਰ ਤੇ ਹੀ ਹੋਵੇਗੀ। Marking ਤੋਂ ਬਾਅਦ ਹਰ ਸਕੂਲ ਦੀ Mark list ਸਕੂਲ ਮੁਖੀ ਵੱਲੋਂ 08 ਮਾਰਚ, 2011 ਤੱਕ ਸਬੰਧਤ B.P.E.O's ਨੂੰ ਬਲਾਕ ਪੱਧਰ ਤੇ ਭੇਜ ਦਿੱਤੀ ਜਾਵੇਗੀ।

7) ਪੇਪਰ ਦਾ ਸਾਰਾ ਪ੍ਰਬੰਧ ਜ਼ਿਲ੍ਹਾ ਸਿੱਖਿਆ ਅਫ਼ਸਰ (ਐ.ਸਿੱ.) ਕਰਨਗੇ। ਪੇਪਰ ਦੀ ਨਿਗਰਾਨੀ ਲਈ ਅਲਗ-ਅਲਗ ਸਕੂਲਾਂ ਦੇ ਸਟਾਫ ਦੀ ਅਦਲਾ ਬਦਲੀ ਕੀਤੀ ਜਾਵੇਗੀ। ਜ਼ਿਲ੍ਹਾ ਸਿੱਖਿਆ ਅਫ਼ਸਰ (ਐ.ਸਿ) ਵੱਲੋਂ ਇਸ ਸਬੰਧ ਵਿਚ ਲੋੜੀਂਦੀਆਂ ਹਦਾਇਤਾਂ ਜਾਰੀ ਕੀਤੀਆਂ ਜਾਣਗੀਆਂ।

8) ਜ਼ਿਲ੍ਹਾ ਪੱਧਰ ਤੇ ਜ਼ਿਲ੍ਹਾ ਸਿੱਖਿਆ ਅਫ਼ਸਰ (ਐ.ਸਿ.) ਵੱਲੋਂ ਇੱਕ ਸਮਾਰੋਹ ਆਯੋਜਿਤ ਕਰਕੇ ਇਨ੍ਹਾਂ ਬੱਚਿਆਂ ਨੂੰ ਕੈਸ਼ ਅਵਾਰਡ ਅਤੇ ਸਰਟੀਫਿਕੇਟ ਦੇ ਕੇ ਸਨਮਾਨਤ ਕੀਤਾ ਜਾਵੇਗਾ।

9) ਸਪਸ਼ਟ ਕੀਤਾ ਜਾਂਦਾ ਹੈ ਕਿ ਪੰਜਵੀਂ ਜਮਾਤ ਦੀਆਂ ਟਾਪਰ ਲੜਕੀਆਂ ਅਤੇ ਐਸ.ਸੀ. ਬੱਚਿਆਂ ਦੀ ਵੱਖਰੀ-ਵੱਖਰੀ ਮੈਰਿਟ ਸੂਚੀ ਬਣਾਈ ਜਾਵੇਗੀ ਅਤੇ ਉਨ੍ਹਾਂ ਨੂੰ ਅਵਾਰਡ ਵੀ ਵੱਖਰੇ-ਵੱਖਰੇ ਦਿੱਤੇ ਜਾਣਗੇ।

10) ਜ਼ਿਲ੍ਹਾ ਸਿੱਖਿਆ ਅਫ਼ਸਰ (ਐ.ਸਿ) ਇਹ ਯਕੀਨੀ ਬਣਾਉਣ ਕਿ ਇਹ ਗਾਈਡਲਾਈਨਜ਼ ਹਰੇਕ ਸਕੂਲ ਮੁੱਖੀ ਤੱਕ ਪਹੁੰਚ ਜਾਣ। ਇਸਦੀ ਕਾਪੀ ਸਰਵ ਸਿੱਖਿਆ ਅਭਿਆਨ, ਪੰਜਾਬ ਦੀ ਵੈੱਬਸਾਈਟ (ssapunjab.org) ਉੱਪਰ ਵੀ ਰੱਖੀ ਗਈ ਹੈ।

11) ਮਿਤੀ 03.03.2011 ਨੂੰ ਪ੍ਰਸ਼ਨ ਪੱਤਰ ਸਟੇਟ ਦਫ਼ਤਰ ਤੋਂ ਪ੍ਰਾਪਤ ਕਰਨ ਦੀ ਜਿੰਮੇਦਾਰੀ ਸਬੰਧਤ ਜ਼ਿਲ੍ਹਾ ਜੈਂਡਰ ਕੋਆਰਡੀਨੇਟਰਾਂ ਦੀ ਹੋਵੇਗੀ।

12) ਜ਼ਿਲ੍ਹਾ ਸਿੱਖਿਆ ਅਫ਼ਸਰ (ਐ.ਸਿੱ.) ਸਾਰੇ BPEOs ਨੂੰ ਹਦਾਇਤ ਕਰਨਗੇ ਕਿ ਮਿਤੀ 04.03.2011 ਨੂੰ ਉਹ ਪ੍ਰਸ਼ਨ ਪੱਤਰ ਪ੍ਰਾਪਤ ਕਰਨਗੇ ਅਤੇ ਅੱਗੋ ਇਹ ਪ੍ਰਸ਼ਨ ਪੱਤਰ ਸਬੰਧਤ ਸਕੂਲ ਮੁੱਖੀਆਂ ਨੂੰ ਵੰਡਣਗੇ।

13) ਸਮੂਹ ਬੱਚਿਆਂ ਨੂੰ ਮਿਤੀ 05.03.2011 ਨੂੰ ਹੋ ਰਹੇ ਇਮਤਿਹਾਨ ਦੀ ਸੂਚਨਾਂ ਸਬੰਧਤ ਕਲਾਸ ਇੰਚਾਰਜਾਂ ਰਾਹੀਂ ਸਵੇਰ ਦੀ ਸਭਾ/ ਪਸਵਕ/ਸਸਵਕ ਕਮੇਟੀਆਂ ਰਾਹੀਂ ਦਿੱਤੀ ਜਾਵੇਗੀ। ਟੈਸਟ ਵਿਚ ਬੱਚਿਆਂ ਦੀ ਹਾਜ਼ਰੀ 100% ਸੁਨਿਸ਼ਚਿਤ ਕੀਤੀ ਜਾਵੇ।

14) ਬੱਚਿਆਂ ਦੇ ਸੀਟਿੰਗ ਪਲਾਨ ਅਤੇ ਬੈਠਣ ਦਾ ਸਹੀ ਪ੍ਰਬੰਧ ਟੈਸਟ ਤੋਂ ਇੱਕ ਦਿਨ ਪਹਿਲਾਂ ਭਾਵ ਮਿਤੀ 04.03.2011 ਨੂੰ ਸਬੰਧਤ ਸਕੂਲ ਮੁੱਖੀ ਸੁਨਿਸ਼ਚਿਤ ਕਰੇਗਾ।

15) ਪ੍ਰੀਖਿਆ ਲੈਣ ਵਾਲੇ ਅਮਲੇ ਦੀ ਸੂਚੀ ਜੈਂਡਰ ਕੋਆਰਡੀਨੇਟਰ ਵੱਲੋਂ ਜ਼ਿਲ੍ਹਾ ਸਿੱਖਿਆ ਅਫ਼ਸਰ (ਐ.ਸਿੱ.) ਨੂੰ ਉਪਲੱਬਧ ਕਰਵਾਈ ਜਾਵੇਗੀ।

16) ਜ਼ਿਲ੍ਹਾ ਸਿੱਖਿਆ ਅਫ਼ਸਰ (ਐ.ਸਿੱ.) ਇਸ ਕੰਮ ਨੂੰ ਸੁਚਾਰੂ ਢੰਗ ਨਾਲ ਕਰਨਾ ਯਕੀਨੀ ਬਣਾਉਣ।

-ਸਹੀ-

**ਡਿਪਟੀ ਸਟੇਟ ਪ੍ਰੋਜੈਕਟ ਡਾਇਰੈਕਟਰ**
**ਸਰਵ ਸਿੱਖਿਆ ਅਭਿਆਨ,**
**ਪੰਜਾਬ, ਚੰਡੀਗੜ੍ਹ।**

ਪਿੱਠ ਅੰਕਣ ਨੰ: SSA/GE/Test/17023-17024 ਮਿਤੀ: 23.02.2011

ਉਪਰੋਕਤ ਦਾ ਉਤਾਰਾ ਡੀ.ਪੀ.ਆਈ. (ਐ.ਸਿ.) ਅਤੇ ਡਾਇਰੈਕਟਰ ਐਸ.ਸੀ.ਈ.ਆਰ.ਟੀ. ਪੰਜਾਬ ਨੂੰ ਸੂਚਨਾ ਹਿੱਤ ਭੇਜਿਆ ਜਾਂਦਾ ਹੈ।

-ਸਹੀ-

**ਡਿਪਟੀ ਸਟੇਟ ਪ੍ਰੋਜੈਕਟ ਡਾਇਰੈਕਟਰ**
**ਸਰਵ ਸਿੱਖਿਆ ਅਭਿਆਨ,**
**ਪੰਜਾਬ, ਚੰਡੀਗੜ੍ਹ**